Punjabi

# ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ - ਡਿਸਕ੍ਰੈਸ਼ਨਰੀ ਹਾਊਸਿੰਗ ਭੁਗਤਾਨਾ ਸਬੰਧੀ ਇਕ ਗਾਈਡ

**(Housing Benefit and Council Tax Benefit - a guide to Discretionary Housing Payments)**

ਇਸ ਪਰਚੇ ਵਿਚ ਡਿਸਕ੍ਰੈਸ਼ਨਰੀ ਹਾਊਸਿੰਗ ਪੇਮਿੰਟਸ ਬਾਰੇ ਵਿਆਖਿਆ ਕੀਤੀ ਗਈ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ, ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

## ਡਿਸਕ੍ਰੈਸ਼ਨਰੀ ਹਾਊਸਿੰਗ ਪੇਮਿੰਟਸ (ਡੀ.ਐਚ.ਪੀ.ਜ) ਕੀ ਹਨ?

ਜਿਨ੍ਹਾਂ ਲੋਕਾਂ ਨੂੰ ਰਿਹਾਇਸ਼ੀ ਖਰਚੇ ਵਾਸਤੇ ਉਨ੍ਹਾਂ ਨੂੰ ਮਿਲਣ ਵਾਲੇ ਬੈਨੀਫਿਟ ਨਾਲੋਂ ਵਧੇਰੇ ਪੈਸੇ ਦੀ ਲੋੜ ਪੈਂਦੀ ਹੈ ਉਨ੍ਹਾਂ ਨੂੰ ਕਿਰਾਏ, ਕੌਂਸਲ ਟੈਕਸ ਜਾਂ ਦੋਨਾਂ ਦੇ ਭੁਗਤਾਨ ਵਿਚ ਮੱਦਦ ਕਰਨ ਲਈ ਵਧੇਰੇ ਪੈਸੇ ਦਿੱਤੇ ਜਾਣ ਨੂੰ ਡੀ.ਐਚ.ਪੀ.ਜ ਆਖਿਆ ਜਾਂਦਾ ਹੈ।

ਇਸ ਭੁਗਤਾਨ ਵਾਸਤੇ ਹਰ ਸਾਲ ਕੌਂਸਲ ਨੂੰ ਕੁੱਝ ਰਕਮ ਮਿਲਦੀ ਹੈ ਅਤੇ ਡੀ.ਐਚ.ਪੀ.ਜ ਵਾਸਤੇ ਸਰਕਾਰ ਵਲੋਂ ਨਿਸ਼ਚਤ ਕੀਤੀ ਹੋਈ ਸੀਮਾ ਨਾਲੋਂ ਵੱਧ ਪੈਸਾ ਨਹੀਂ ਖਰਚਿਆ ਜਾ ਸਕਦਾ।

ਡੀ.ਐਚ.ਪੀ.ਜ ਹੇਠ ਲਿਖਿਆਂ ਵਾਸਤੇ **ਨਹੀਂ** ਦਿੱਤੇ ਜਾ ਸਕਦੇ:

- ਸਰਵਿਸ ਚਾਰਜਿਜ ਜਿਨ੍ਹਾਂ ਨੂੰ ਹਾਊਸਿੰਗ ਬੈਨੀਫਿਟ ਨਹੀਂ ਕਵਰ ਕਰਦਾ
- ਕਿਰਾਏ ਦਾ ਰਹਿੰਦਾ ਬਕਾਇਆ
- ਜੌਬ ਸੀਕਰਜ ਅਲਾਊਂਸ ਮਿਲ ਜਾਣ ਕਾਰਨ ਹਾਊਸਿੰਗ ਬੈਨੀਫਿਟ ਵਿਚ ਹੋਣ ਵਾਲੀ ਕਟੌਤੀ
- ਜਦੋਂ ਤੁਹਾਡੇ ਹਾਊਸਿੰਗ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਦੀਆਂ ਪੇਮਿੰਟਾਂ ਮੁਲਤਵੀ ਹੋਣ
- ਜੇ ਤੁਸੀਂ ਸਿਰਫ ਕੌਂਸਲ ਟੈਕਸ ਬੈਨੀਫਿਟ ਦੇ ਹੱਕਦਾਰ ਹੋ ਤਾਂ ਕਿਰਾਏ ਵਾਸਤੇ
- ਜੇ ਤੁਹਾਨੂੰ ਸਿਰਫ ਹਾਊਸਿੰਗ ਬੈਨੀਫਿਟ ਮਿਲਦਾ ਹੈ ਤਾਂ ਕੌਂਸਲ ਟੈਕਸ ਵਾਸਤੇ
- ਜਿੱਥੇ ਸਿਰਫ ਸੈਕੰਡ ਐਡੱਲਟ ਬੈਨੀਫਿਟ ਹੀ ਮਿਲਦਾ ਹੋਵੇ

## ਮੈਂ ਡੀ.ਐਚ.ਪੀ. ਵਾਸਤੇ ਅਰਜ਼ੀ ਕਿਵੇਂ ਦੇਵਾਂ?

ਤੁਸੀਂ ਡੀ.ਐਚ.ਪੀ. ਵਾਸਤੇ ਤੱਦ ਹੀ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਹਾਊਸਿੰਗ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਦੇ ਹੱਕਦਾਰ ਹੋ।ਐਪਲੀਕੇਸ਼ਨ ਫਾਰਮ ਵਾਸਤੇ ਆਪਣੀ ਸਥਾਨਕ ਕੌਂਸਲ ਦੀ ਬੈਨੀਫਿਟ ਸਰਵਿਸ ਨਾਲ ਸੰਪਰਕ ਕਰੋ।

## ਤੁਸੀਂ ਇਹ ਫੈਸਲਾ ਕਿਵੇਂ ਕਰਦੇ ਹੋ ਕਿ ਮੈਨੂੰ ਡੀ.ਐਚ.ਪੀ. ਮਿਲ ਸਕਦਾ ਹੈ ਜਾਂ ਨਹੀਂ?

ਇਹ ਫੈਸਲਾ ਕਰਨ ਸਮੇਂ ਹੇਠ ਲਿਖੀਆਂ ਚੀਜ਼ਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ:

- ਤੁਹਾਡੀ ਕੁਲ ਆਮਦਨੀ
- ਤੁਹਾਡੇ ਕੋਲ ਕੁੱਝ ਪੈਸੇ ਜਮ੍ਹਾ ਹਨ ਜਾਂ ਨਹੀਂ
- ਘਰ ਵਿਚਲਾ ਕੋਈ ਦੂਸਰਾ ਵਿਅਕਤੀ ਮਾਲੀ ਮੱਦਦ ਕਰ ਸਕਦਾ ਹੈ ਜਾਂ ਨਹੀਂ
- ਕੀ ਤੁਹਾਡੇ ਸਿਰ ਕੋਈ ਕਰਜ਼ਾ ਜਾਂ ਹੁਦਾਰ ਹੈ ਜਾਂ ਨਹੀਂ
- ਕੀ ਤੁਸੀਂ ਹਾਲਤ ਸੁਧਾਰਨ ਵਾਸਤੇ ਆਪਣੀ ਆਰਥਕਤਾ ਦੇ ਪ੍ਰਬੰਧ ਵਿਚ ਤਬਦੀਲੀ ਕਰ ਸਕਦੇ ਹੋ ਜਾਂ ਨਹੀਂ
- ਕੀ ਤੁਹਾਡੇ ਜਾਂ ਤੁਹਾਡੇ ਪਰਵਾਰ ਦੇ ਕੋਈ ਵਿਸ਼ੇਸ਼ ਹਾਲਾਤ, ਜਿਵੇਂ ਕਿ ਬਿਮਾਰੀ ਜਾਂ ਅਪਾਹਜਤਾ, ਹਨ ਜਾ ਨਹੀਂ
- ਕੀ ਤੁਸੀਂ ਹਾਲਤ ਸੁਧਾਰਨ ਦੀ ਆਪਣੇ ਆਪ ਕੋਸ਼ਿਸ਼ ਕਰ ਚੁੱਕੇ ਹੋ ਜਾਂ ਨਹੀਂ।

ਤੁਹਾਡੇ ਕੋਲੋਂ ਬਹੁਤ ਸਾਰੀ ਜਾਣਕਾਰੀ ਪੁੱਛੀ ਜਾਵੇਗੀ ਅਤੇ ਹੋ ਸਕਦਾ ਹੈ ਕਿ ਤੁਹਾਡੇ ਕਲੇਮ ਬਾਰੇ ਵਿਸਥਾਰ ਵਿਚ ਗੱਲ ਕਰਨ ਵਾਸਤੇ ਤੁਹਾਨੂੰ ਆਪਣੇ ਸਥਾਨਕ ਕੌਂਸਲ ਦਫਤਰ ਵਿਚ ਵੀ ਆਉਣਾ ਪਵੇ।

ਤੁਹਾਨੂੰ ਫੈਸਲੇ ਦਾ ਨਤੀਜਾ ਅਤੇ ਫੈਸਲੇ ਦੇ ਕਾਰਨ ਦੱਸਣ ਲਈ ਇਕ ਚਿੱਠੀ ਲਿਖੀ ਜਾਵੇਗੀ। ਜੇ ਡੀ.ਐਚ.ਪੀ. ਦਿੱਤਾ ਜਾਣਾ ਹੋਵੇਗਾ ਤਾਂ ਤੁਹਾਨੂੰ ਮਿਲਣ ਵਾਲੀ ਰਕਮ ਅਤੇ ਸਮੇ ਦੇ ਵੇਰਵੇ ਸਬੰਧੀ ਚਿੱਠੀ ਵਿਚ ਸੂਚਿਤ ਕਰ ਦਿੱਤਾ ਜਾਵੇਗਾ।

## ਮੈਨੂੰ ਕਿਤਨੀ ਰਕਮ ਮਿਲ ਸਕੇਗੀ ਅਤੇ ਕਿਤਨੇ ਸਮੇਂ ਵਾਸਤੇ?

ਤੁਹਾਨੂੰ ਕਿਤਨਾ ਪੈਸਾ ਮਿਲਦਾ ਹੈ ਇਹ ਤੁਹਾਡੇ ਹਾਲਤਾਂ ਉਪਰ ਨਿਰਭਰ ਹੋਵੇਗਾ। ਹਰ ਇਕ ਕੇਸ ਨੂੰ ਵਿਅਕਤੀਗਤ ਤੌਰ ਤੇ ਵਿਚਾਰਿਆ ਜਾਂਦਾ ਹੈ ਅਤੇ ਵੱਖ ਵੱਖ ਸਮੇਂ ਵਾਸਤੇ ਭੁਗਤਾਨ ਕੀਤਾ ਜਾਂਦਾ ਹੈ। ਪਰ, ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਨੂੰ ਹਰ ਹਾਲਤ ਵਿਚ ਹੀ ਪੈਸੇ ਮਿਲ ਜਾਣਗੇ।

ਨੋਟ ਕਰੋ, ਕਿ ਹਾਊਸਿੰਗ ਬੈਨੀਫਿਟ ਵਾਸਤੇ ਮਿਲਣ ਵਾਲੇ ਪੈਸੇ ਤੁਹਾਡੇ ਕੁਲ ਕਿਰਾਏ, ਮਨਫੀ ਦੂਸਰੀਆਂ ਸਰਵਸਿਜ ਜਿਵੇਂ ਕਿ ਬਿਜਲੀ ਜਾਂ ਪਾਣੀ ਦੀ ਰਕਮ, ਅਤੇ ਕੌਂਸਲ ਟੈਕਸ ਵਾਸਤੇ ਤੁਹਾਨੂੰ ਜਿਤਨਾ ਕੌਂਸਲ ਟੈਕਸ ਦੇਣਾ ਪੈਂਦਾ ਹੈ, ਨਾਲੋਂ ਵੱਧ ਨਹੀਂ ਹੋ ਸਕਦੇ।

## ਜੇ ਮੇਰੀ ਅਰਜ਼ੀ ਸਫਲ ਹੋ ਜਾਂਦੀ ਹੈ ਤਾਂ ਤੁਸੀਂ ਡੀ.ਐਚ.ਪੀ. ਦਾ ਭੁਗਤਾਨ ਕਿਵੇਂ ਕਰੋਗੇ?

ਜੇ ਤੁਹਾਡੀ ਅਰਜ਼ੀ ਸਫਲ ਹੋ ਜਾਂਦੀ ਹੈ ਤਾਂ ਆਮਤੌਰ ਤੇ ਤੁਹਾਡਾ ਡੀ.ਐਚ.ਪੀ. ਤੁਹਾਨੂੰ ਮਿਲਣ ਵਾਲੇ ਹਾਊਸਿੰਗ ਜਾਂ ਕੌਂਸਲ ਟੈਕਸ ਬੈਨੀਫਿਟ ਦੇ ਨਾਲ ਹੀ ਦਿੱਤਾ ਜਾਂਦਾ ਹੈ, ਭਾਵੇਂ ਡੀ.ਐਚ.ਪੀ. ਬੈਨੀਫਿਟ ਭੁਗਤਾਨ **ਨਹੀਂ** ਹਨ।

## ਜੇ ਮੈਂ ਆਪਣੀ ਡੀ.ਐਚ.ਪੀ. ਅਰਜ਼ੀ ਸਬੰਧੀ ਫੈਸਲੇ ਨਾਲ ਸਹਿਮਤ ਨਾ ਹੋਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਡੀ.ਐਚ.ਪੀ. ਨਾ ਮਿਲਣ, ਮਿਲਣ ਵਾਲੀ ਰਕਮ ਜਾਂ ਮਿਲਣ ਵਾਲੇ ਸਮੇਂ ਨਾਲ ਸਹਿਮਤ ਨਾ ਹੋਵੋ ਤਾਂ ਤੁਸੀਂ ਇਸ ਫੈਲਸੇ ਨੂੰ ਮੁੜ ਵਿਚਾਰਨ ਦੀ ਮੰਗ ਕਰ ਸਕਦੇ ਹੋ।

ਫੈਸਲੇ ਦੀ ਚਿੱਠੀ ਦੀ ਤਰੀਕ ਤੋਂ ਬਾਅਦ ਇਕ ਕੈਲੰਡਰੀ ਮਹੀਨੇ ਦੇ ਵਿਚ ਵਿਚ ਆਪਣੀ ਸਥਾਨਕ ਕੌਂਸਲ ਨੂੰ ਚਿੱਠੀ ਲਿਖੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਇਸ ਫੈਸਲੇ ਨਾਲ ਕਿਉਂ ਸਹਿਮਤ ਨਹੀਂ ਹੋ।

ਜੇ ਤੁਸੀਂ ਡਿਸਕ੍ਰੈਸ਼ਨਰੀ ਹਾਊਸਿੰਗ ਪੇਮਿੰਟ ਨਾ ਮਿਲਣ ਦੇ ਫੈਸਲੇ ਨਾ ਸਹਿਮਤ ਨਹੀਂ ਹੋ ਤਾਂ ਤੁਸੀਂ ਟ੍ਰਾਈਬਿਊਨਲ ਸਰਵਿਸ ਕੋਲ ਇਸਦੀ ਅਪੀਲ ਨਹੀਂ ਕਰ ਸਕਦੇ।

## ਜੇ ਮੇਰੇ ਹਾਲਾਤ ਬਦਲ ਜਾਣ ਤਾਂ ਕੀ ਹੋਵੇਗਾ?

ਜੇ ਤੁਹਾਡੇ ਹਾਲਾਤਾਂ ਵਿਚ ਕੋਈ ਤਬਦੀਲੀ ਆ ਜਾਂਦੀ ਹੈ ਤਾਂ ਤੁਹਾਡੇ ਵਾਸਤੇ ਆਪਣੀ ਸਥਾਨਕ ਕੌਂਸਲ ਨੂੰ ਲਿਖਤੀ ਰੂਪ ਵਿਚ ਤਰੰਤ ਸੂਚਿਤ ਕਰਨਾ ਜ਼ਰੂਰੀ ਹੈ।

ਤੁਹਾਡੇ ਡੀ.ਐਚ.ਪੀ. ਤੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਦੇਖਿਆ ਜਾਵੇਗਾ ਕਿ ਮਿਲਣ ਵਾਲੀ ਰਕਮ ਵਿਚ ਕੋਈ ਤਬਦੀਲੀ ਹੋਵੇਗੀ ਜਾਂ ਨਹੀਂ।

ਜੇ ਤਬਦੀਲੀ ਕਾਰਨ ਤੁਹਾਡੇ ਡੀ.ਐਚ.ਪੀ. ਦੀ ਰਕਮ ਘਟ ਜਾਂਦੀ ਹੈ ਤਾਂ ਤੁਹਾਨੂੰ ਪਹਿਲਾਂ ਮਿਲ ਚੁੱਕਾ ਡੀ.ਐਚ.ਪੀ. ਸਾਰਾ ਜਾਂ ਇਸਦਾ ਕੁੱਝ ਹਿੱਸਾ ਵਾਪਸ ਕਰਨ ਲਈ ਕਿਹਾ ਜਾ ਸਕਦਾ ਹੈ।

## ਮੈਨੂੰ ਵਧੇਰੇ ਸਲਾਹ ਕਿੱਥੋਂ ਮਿਲ ਸਕਦੀ ਹੈ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਦੀ ਲੋੜ ਹੈ ਤਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰ ਸਕਦੇ ਹੋ (ਤੁਸੀਂ ਆਪਣੀ ਸਥਾਨਕ ਕੌਂਸਲ ਦਾ ਨਾਮ ਆਪਣੇ ਕੌਂਸਲ ਟੈਕਸ ਬਿੱਲ ਉਤੇ ਦੇਖ ਸਕਦੇ ਹੋ)।

ਜਾਂ ਫਿਰ ਤੁਸੀਂ ਆਪਣੇ ਸਥਾਨਕ ਸਿਟੀਜ਼ਨ ਐਡਵਾਈਸ ਬਿਊਰੋ ਜਾਂ ਵੈੱਲਫੇਅਰ ਰਾਈਟਸ ਸਰਵਿਸ ਨਾਲ ਸੰਪਰਕ ਕਰ ਸਕਦੇ ਹੋ। ਇਨ੍ਹਾਂ ਦਾ ਵੇਰਵਾ ਲੋਕਲ ਫੋਨ ਬੁੱਕ ਵਿਚ ਦੇਖਿਆ ਜਾ ਸਕਦਾ ਹੈ।

## ਦੂਸਰੇ ਰੂਪ

ਤੁਸੀਂ ਇਸ ਲੀਫਲੈੱਟ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਅਤੇ ਦੂਸਰੀਆਂ ਬੋਲੀਆਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ।